This question paper contains 2 printed pages]

**Roll No.** | | | | | | | | | | | |

S. No. of Question Paper : **668**

Unique Paper Code : **212451** **D**

Name of the Paper : **Punjabi Discipline–A**

Name of the Course : **B.A. (Prog.)**

Semester : **IV**

Duration : **3 Hours** Maximum Marks : **75**

*(Write your Roll No. on the top immediately on receipt of this question paper.)*

(इस प्रश्न-पत्र के मिलते ही ऊपर दिए गए निर्धारित स्थान पर अपना अनुक्रमांक लिखिए।)

**Instruction for Candidates**

**ਨੋਟ : ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।**

1. ਹੇਠਾਂ ਦਿੱਤੀਆਂ ਕਾਵਿ-ਟੂਕਾਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਮਾਉਂ ਬੈਠੀ ਸੱਸੀ ਨੂੰ ਆਖੇ, ਕਿਉਂ ਕਮਲੀ ਫਿਰੇ ਦਿਵਾਨੀ।
ਮਾਏ ਰੋਗ ਲਗੇ ਤਾਂ ਜਾਣੈ, ਕੀ ਜਾਣੈਂ ਪੀੜ ਬੇਗਾਨੀ।
ਜਿਸ ਦੇ ਨਾਲ ਮੇਰੀ ਜਿੰਦ ਅਟਕੀ, ਸੋਈ ਛੋੜ ਗਿਆ ਦਿਲ ਜਾਨੀ।
ਹਾਸ਼ਮ ਸਬਰ ਨਾ ਆਵੇ ਦਿਲ ਨੂੰ, ਮੇਰੀ ਵਿਸਰੀ ਹੋਸ਼ ਜਹਾਨੀ।

ਜਾਂ

ਅੱਖੀ ਲੱਗੀਆਂ ਮੁੜਨ ਨ ਵੀਰ ਮੇਰੇ, ਵਾਰ ਘੱਤੀ ਬਲਿਹਾਰੀਆ ਵੇ।
ਵਹਿਣ ਪਏ ਦਰਿਆ ਨਾ ਕਦੇ ਮੁੜਦੇ, ਵੱਡੇ ਲਾਇ ਰਹੇ ਜ਼ੋਰ ਜ਼ਾਰੀਆਂ ਵੇ।
ਸਿਰ ਦਿੱਤਿਆਂ ਬਾਝ ਨਾ ਇਸ਼ਕ ਪੱਕੇ, ਨਹੀਂ ਇਹ ਸੁਖਾਲੀਆਂ ਯਾਰੀਆਂ ਵੇ।
ਵਾਰਿਸ ਸ਼ਾਹ ਮੀਆਂ ਭਾਈ ਵਰਜਦੇ ਨੀ, ਵੇਖ ਇਸ਼ਕ ਬਣਾਈਆਂ ਖੁਆਰੀਆਂ ਵੇ। 10

2. ਮੱਧਕਾਲੀਨ ਪੰਜਾਬੀ-ਕਾਵਿ ਪੁਸਤਕ ਦੀ ਭੂਮਿਕਾ "ਮੁੱਢਲੇ ਸ਼ਬਦ" ਦੇ ਆਧਾਰ ਤੇ ਮੱਧਕਾਲੀਨ ਪੰਜਾਬੀ ਕਾਵਿ ਦੇ ਵਿਕਾਸ ਬਾਰੇ ਜਾਣਕਾਰੀ ਦਿਓ।

ਜਾਂ

ਹੇਠਾਂ ਦਿੱਤੀਆਂ ਰਚਨਾਵਾਂ ਵਿਚੋਂ ਕਿਸੇ ਇਕ ਦਾ ਆਲੋਚਨਾਤਮਕ ਅਧਿਐਨ ਪੇਸ਼ ਕਰੋ :
ਇਸ਼ਕ ਦੀ ਨਵੀਓਂ ਨਵੀਂ ਬਹਾਰ, ਹੀਰ ਵਾਰਿਸ, ਜੰਗਨਾਮਾ ਸ਼ਾਹ ਮੁਹੰਮਦ 15

P.T.O.

3. ਆਪਣੀ ਪੁਸਤਕ ਕਥਾ-ਪੰਜਾਬ ਦੀ ਭੂਮਿਕਾ "ਕਹਾਣੀ ਤੇ ਪੰਜਾਬੀ ਕਹਾਣੀ" ਵਿਚ ਪੇਸ਼ ਕੀਤੇ ਵਿਚਾਰਾਂ ਦੇ ਆਧਾਰ ਤੇ ਪੰਜਾਬੀ ਕਹਾਣੀ ਦੀਆਂ ਵਿਲੱਖਣਤਾਵਾਂ ਤੇ ਵਿਕਾਸ ਬਾਰੇ ਜਾਣਕਾਰੀ ਦਿਓ।

ਜਾਂ

ਹੇਠਾਂ ਦਿੱਤੀਆਂ ਕਹਾਣੀਆਂ ਵਿਚੋਂ ਇਕ ਦਾ ਆਲੋਚਨਾਤਮਕ ਅਧਿਐਨ ਪੇਸ਼ ਕਰੋ :
ਤਾਸ਼ ਦੀ ਆਦਤ, ਦਸੌਂਧਾ ਸਿੰਘ, ਭਾਬੀ ਮੈਨਾ, ਕਰਾਮਾਤ 15

4. ਹੇਠਾਂ ਦਿੱਤੇ ਪ੍ਰਸ਼ਨਾਂ ਵਿਚੋਂ ਦੋ ਦੇ ਸੰਖੇਪ ਵਿਚ ਉਤਰ ਦਿਓ:
1) "ਰਾਸ ਲੀਲਾ" ਕਹਾਣੀ ਵਿਚ ਰਾਸ ਲੀਲਾ ਤੋਂ ਲੇਖਕ ਦਾ ਕੀ ਭਾਵ ਹੈ ?
2) "ਖ਼ਬਲ" ਕਹਾਣੀ ਦੇ ਵਿਸ਼ੇ ਬਾਰੇ ਸੰਖੇਪ ਜਾਣਕਾਰੀ ਦਿਓ।
3) "ਇਕ ਹਉਕਾ" ਕਹਾਣੀ ਵਿਚ ਲੇਖਿਕਾ ਦਾ 'ਹਉਕੇ' ਤੋਂ ਕੀ ਭਾਵ ਹੈ ? ਕਹਾਣੀ ਵਿਚ ਇਹ ਕਿਸ ਸਥਿਤੀ ਵਲ ਸੰਕੇਤ ਕਰਦਾ ਹੈ ? 2x5=10

5. (ੳ) ਵਿਆਕਰਣ ਤੇ ਭਾਸ਼ਾ-ਵਿਗਿਆਨ ਦੇ ਬੁਨਿਆਦੀ ਅੰਤਰ ਬਾਰੇ ਤੁਸੀਂ ਕੀ ਜਾਣਦੇ ਹੋ ?
(ਅ) ਪੰਜਾਬੀ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ ਬਾਰੇ ਸੰਖੇਪ ਜਾਣਕਾਰੀ ਦਿਓ। 2x5=10

6. (ੳ) ਗੁਰਮੁਖੀ ਲਿਪੀ ਦੀਆਂ ਵਿਸ਼ੇਸ਼ਤਾਵਾਂ ਬਾਰੇ ਸੰਖੇਪ ਨੋਟ ਤਿਆਰ ਕਰੋ। 5
(ਅ) ਗੁਰਮੁਖੀ ਲਿਪੀ ਤੇ ਸ਼ਾਹਮੁਖੀ ਲਿਪੀ ਦੇ ਮਸਲੇ ਬਾਰੇ ਤੁਸੀਂ ਕੀ ਜਾਣਦੇ ਹੋ ? ਉਦਾਹਰਨਾਂ ਦੇ ਕੇ ਸਮਝਾਓ। 10